# ਆਪਣੇ ਘਾਹ 'ਤੇ ਪਾਣੀ ਬਰਬਾਦ ਨਾ ਕਰੋ

**ਜੂਨ ਤੋਂ ਲੈ ਕੇ ਸਤੰਬਰ ਤੱਕ,** ਮੈਟਰੋ ਵੈਨਕੂਵਰ ਵਿਚ ਪਾਣੀ ਦੀ ਮੰਗ ਤਕਰੀਬਨ ਦੁੱਗਣੀ ਹੋ ਜਾਂਦੀ ਹੈ। ਪਰ, ਗਰਮੀਆਂ ਦੇ ਇਨ੍ਹਾਂ ਮਹੀਨਿਆਂ ਵਿਚ ਜਦੋਂ ਇਲਾਕੇ ਵਿਚ ਸਭ ਤੋਂ ਘੱਟ ਮੀਂਹ ਪੈਂਦਾ ਹੈ, ਪਾਣੀ ਦੇ ਕੁਦਰਤੀ ਭੰਡਾਰਾਂ ਵਿਚ ਪਾਣੀ ਘੱਟ ਹੁੰਦਾ ਹੈ।

ਬਾਹਰ ਪਾਣੀ ਦੀ ਖਪਤ ਘਟਾ ਕੇ ਅਤੇ ਗਰਮੀਆਂ ਵਿਚ ਘਾਹ ਨੂੰ ਪਾਣੀ ਦੇਣ ਦੇ ਨਿਯਮਾਂ ਦੀ ਪਾਲਣਾ ਕਰਕੇ, ਮੈਟਰੋ ਵੈਨਕੂਵਰ ਵਿਚ ਪਾਣੀ ਨੂੰ ਬਚਾਉਣ ਵਿਚ ਮਦਦ ਕਰੋ।

ਪਾਣੀ ਦੇ ਭੰਡਾਰ ਬਾਰੇ ਤਾਜ਼ੀ ਜਾਣਕਾਰੀ ਲੈਣ ਲਈ **www.metrovancouver.org** ਵੈੱਬਸਾਈਟ 'ਤੇ ਜਾਉ। ('Lawn Sprinkling' ਸਰਚ ਕਰੋ)

**ਪਾਣੀ ਦੇ ਹਰ ਤੁਪਕੇ ਦੀ ਬੱਚਤ ਤੁਹਾਡੇ ਤੋਂ ਸ਼ੁਰੂ ਹੁੰਦੀ ਹੈ!**

metro vancouver

ਭਵਿੱਖ ਵਿਚ ਦੇਖਦੇ ਰਹਿਣ ਲਈ ਕਿਰਪਾ ਕਰਕੇ ਇਸ ਤਰੀਕੇ ਨੂੰ ਕਿਸੇ ਨਿਗ੍ਹਾ ਪੈਂਦੀ ਥਾਂ 'ਤੇ ਲਗਾਉ!

## ਘਾਹ ਨੂੰ ਪਾਣੀ ਦੇਣ ਬਾਰੇ ਨਿਯਮ

ਇਨ੍ਹਾਂ ਤਰੀਕਾਂ ਦੌਰਾਨ ਲਾਗੂ ਹਨ:

**ਜੂਨ 1 – ਸਤੰਬਰ 30**

ਇਨ੍ਹਾਂ ਸਮਿਆਂ ਦੌਰਾਨ ਪਾਣੀ ਦੇਣ ਦੀ ਆਗਿਆ ਹੈ:
ਸਵੇਰ ਦੇ **4** ਵਜੇ ਤੋਂ ਸਵੇਰ ਦੇ **9** ਵਜੇ ਤੱਕ ਅਤੇ
ਸ਼ਾਮ ਦੇ **7** ਵਜੇ ਤੋਂ ਰਾਤ ਦੇ **10** ਵਜੇ ਤੱਕ

ਦੋ ਨਾਲ **ਵੰਡੇ** ਜਾ ਸਕਣ ਵਾਲੇ ਐਡਰੈਸਾਂ ਲਈ:
**ਬੁੱਧਵਾਰ ਅਤੇ ਸਨਿੱਚਰਵਾਰ**

ਦੋ ਨਾਲ **ਵੰਡੇ ਨਾ** ਜਾ ਸਕਣ ਵਾਲੇ ਐਡਰੈਸਾਂ ਲਈ:
**ਵੀਰਵਾਰ ਅਤੇ ਐਤਵਾਰ**

### ਘਾਹ ਅਤੇ ਬਗੀਚੇ ਦੀ ਸੰਭਾਲ ਲਈ ਸੁਝਾਅ:

- ਸਿਰਫ ਲੋੜ ਪੈਣ 'ਤੇ ਹੀ ਪਾਣੀ ਦਿਉ। ਬਹੁਤੇ ਲਾਨਾਂ ਨੂੰ ਹਰ ਹਫਤੇ ਸਿਰਫ 2.5 ਸੈਂਟੀਮੀਟਰ ਪਾਣੀ ਦੀ ਹੀ ਲੋੜ ਹੁੰਦੀ ਹੈ, ਜੋ ਕਿ ਹਫਤੇ ਵਿਚ ਇਕ ਵਾਰੀ ਹੀ ਸਪਰਿੰਕਲ ਲਾ ਕੇ ਸੌਖ ਨਾਲ ਦਿੱਤਾ ਜਾ ਸਕਦਾ ਹੈ।
- ਗਰਮੀਆਂ ਦੌਰਾਨ ਆਪਣੇ ਘਾਹ ਨੂੰ ਬੇਹਰਕਤ ਹੋਣ ਦਿਉ। ਘਾਹ ਦੀ ਸੰਭਾਲ ਵਿਚ ਭੂਰਾ ਰੰਗ ਨਵਾਂ ਹਰਾ ਰੰਗ ਹੈ।
- ਹਫਤੇ ਵਿਚ ਸਿਰਫ ਇਕ ਵਾਰੀ ਹੀ ਪਾਣੀ ਦਿਉ ਅਤੇ ਉਹ ਵੀ ਸਵੇਰ ਨੂੰ ਸੁਵੱਖਤੇ ਤਾਂ ਜੋ ਪਾਣੀ ਭਾਫ ਬਣ ਕੇ ਨਾ ਉੱਡ ਜਾਵੇ।
- ਘਾਹ ਦੀ ਕਟਾਈ ਨੂੰ ਆਪਣੇ ਲਾਨ 'ਤੇ ਹੀ ਰਹਿਣ ਦਿਉ। ਲਾਨ ਨੂੰ ਢਕਣ ਨਾਲ, ਪਾਣੀ ਦਾ ਭਾਫ ਬਣ ਕੇ ਉੱਡਣਾ ਘਟਦਾ ਹੈ ਅਤੇ ਪਾਣੀ ਦੀ ਲੋੜ ਘਟਦੀ ਹੈ।
- ਕੁਦਰਤੀ ਖੁਰਾਕੀ ਤੱਤ ਦੇਣ ਲਈ ਘਾਹ ਉੱਪਰ ਰੂੜੀ ਖਲਾਰੋ।
- ਜਦੋਂ ਵੀ ਸੰਭਵ ਹੋਵੇ, ਨਵੇਂ ਲਾਨ ਸਤੰਬਰ ਦੇ ਅੱਧ ਤੋਂ ਲੈ ਕੇ ਅਕਤੂਬਰ ਦੇ ਅੱਧ ਤੱਕ ਲਗਾਏ ਜਾਣੇ ਚਾਹੀਦੇ ਹਨ।
- ਫੀਸ ਲੈ ਕੇ ਤੁਹਾਡੀ ਮਿਊਂਸਪਿਲਟੀ ਤੁਹਾਨੂੰ ਪਰਮਿਟ ਦੇ ਸਕਦੀ ਹੈ ਜਿਹੜਾ ਸੀਮਤ ਸਮਿਆਂ ਤੋਂ ਬਾਹਰ ਨਵੇਂ ਲਾਨਾਂ ਨੂੰ ਪਾਣੀ ਦੇਣ ਦੀ ਆਗਿਆ ਦੇ ਸਕਦਾ ਹੈ – ਤਿੰਨ ਹਫਤੇ ਦੇ ਸਮੇਂ ਲਈ।

ਨਿਯਮਾਂ ਨੂੰ ਲਾਗੂ ਕਰਨ ਬਾਰੇ ਜਾਣਕਾਰੀ ਲੈਣ ਲਈ ਆਪਣੀ ਮਿਊਂਸਪਿਲਟੀ ਨਾਲ ਸੰਪਰਕ ਕਰੋ।